© 2016 IJNRD | Volume 1, Issue 1 October 2016 | ISSN: 2456-4184 | IJNRD.ORG

# Punjabi Sabhyachar Vich Aurat De Adhikara Di Hondh

**Baljeet Kaur**

**July 2016**

## ਪੰਜਾਬੀ ਸਭਿਆਚਾਰ ਵਿਚ ਔਰਤ ਦੇ ਅਧਿਕਾਰਾਂ ਦੀ ਹੋਂਦ

ਪੰਜਾਬੀ ਸਭਿਆਚਾਰ ਇੱਕ ਸੁਤੰਤਰ ਅਤੇ ਵਿਲੱਖਣ ਸਭਿਆਚਾਰ ਹੈ। ਪੰਜਾਬ ਦਾ ਸੰਬੰਧ ਦੇਸ਼ ਕੌਮੀਅਤ ਨਾਲ ਹੈ ਜਿਸ ਦੇ ਆਪਣੇ ਕੁੱਝ ਵੱਖਰੇ ਪਹਿਚਾਣ ਚਿੰਨ੍ਹ ਹਨ। ਲੰਮੀ ਸਮਾਜਿਕ-ਇਤਿਹਾਸਕ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਅਜੋਕਾ ਰੂਪ ਅਖ਼ਤਿਆਰ ਕਰਨ ਵਾਲਾ ਪੰਜਾਬੀ ਸਭਿਆਚਾਰ ਭਾਰਤ ਦੇ ਸਭਿਆਚਾਰ ਵਿੱਚ ਕੇਂਦਰੀ ਸਥਾਨ ਰੱਖਦਾ ਹੈ। ਪੰਜਾਬੀ ਚਰਿੱਤਰ ਦੇ ਪਰਮਾਣ ਵਿੱਚ ਇੱਥੋਂ ਦੇ ਦਰਿਆਵਾਂ, ਮੈਦਾਨਾਂ, ਪਹਾੜਾਂ, ਜੰਗਲਾਂ-ਬੇਲਿਆਂ ਆਦਿ ਭੂਗੋਲਿਕ ਹਾਲਤਾਂ ਨੇ ਆਪਣਾ ਅਹਿਮ ਯੋਗਦਾਨ ਪਾਇਆ ਹੈ। 'ਪੰਜਾਬ ਦੇ ਦਰਿਆਵਾਂ, ਪਹਾੜਾਂ ਤੇ ਮੈਦਾਨਾਂ ਨੇ ਇੱਥੋਂ ਦੇ ਲੋਕਾਂ ਨੂੰ ਬਹੁਤ ਕੁੱਝ ਦਿੱਤਾ... ਇੱਥੋਂ ਦੀਆਂ ਖੁੱਲ੍ਹੀਆਂ ਅਤੇ ਨਰੋਈਆਂ ਹਵਾਵਾਂ ਨੇ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ-ਦਿਲੀ ਤੇ ਤਾਜ਼ਗੀ ਪਾ ਦਿੱਤੀ ਹੈ।'[1] ਪੰਜਾਬੀ ਲੋਕਾਂ ਦਾ ਖੁਸ਼-ਮਿਜ਼ਾਜ਼ ਅੰਦਾਜ਼, ਸਭ ਕੁਝ ਨਿਛਾਵਰ ਕਰ ਦੇਣ ਦੀ ਭਾਵਨਾ ਅਤੇ ਵਿਸ਼ਾਲ ਹਿਰਦੇ ਵਾਲੀ ਮਾਨਸਿਕਤਾ ਦੇ ਗੁਣ ਪੰਜਾਬ ਨੂੰ ਇਸ ਦੀ ਭੂਗੋਲਿਕ ਵਿਸ਼ੇਸ਼ਤਾ ਦੀ ਹੀ ਦੇਣ ਹੈ। ਪੰਜਾਬੀ ਸਭਿਆਚਾਰ ਇਕ ਵਿਸ਼ਾਲ ਵਿਆਪਕ ਅਤੇ ਬਹੁ-ਬਣਤਰੀ ਪ੍ਰਬੰਧ ਹੈ ਅਤੇ ਪੰਜਾਬੀਅਤ ਇਸ ਪ੍ਰਬੰਧ ਤੇ ਉਸਰੀ ਮਾਨਸਿਕਤਾ ਹੈ।

ਹਰ ਸਭਿਆਚਾਰ ਦੇ ਆਪਣੇ ਰਸਮਾਂ-ਰਿਵਾਜ਼ ਹੁੰਦੇ ਹਨ। ਸਮੁੱਚਾ ਮਨੁੱਖੀ ਜੀਵਨ ਹੀ ਰਸਮਾਂ-ਰਿਵਾਜ਼ਾਂ ਦੀ ਮਰਿਯਾਦਾ ਵਿੱਚ ਬੱਝਿਆ ਹੋਇਆ ਹੈ। ''ਕਿਸੇ ਨਿਸ਼ਚਤ ਅਵਸਰ ਜਾਂ ਕਿਸੇ ਕਾਰਜ ਨੂੰ ਲੋਕਾਂ ਵੱਲੋਂ ਨਿਰਧਾਰਤ ਵਿਧੀ ਅਨੁਸਾਰ ਨਿਭਾਉਣਾ, ਰਸਮ ਅਦਾ ਕਰਨਾ ਅਖਵਾਉਂਦਾ ਹੈ।''[2] ਇਹ ਰਸਮਾਂ ਮਨੁੱਖੀ ਜੀਵਨ ਨੂੰ ਸੁਹਜ ਭਰਪੂਰ ਬਣਾਉਂਦੀਆਂ ਹਨ। ਮਨੁੱਖ ਦੇ ਇਸ ਸੰਸਾਰ ਵਿੱਚ ਜਨਮ ਤੋਂ ਪਹਿਲਾਂ ਤੋਂ ਲੈ ਕੇ ਮਰਨ ਤੋਂ ਪਿੱਛੋਂ ਤੱਕ ਕੋਈ ਨਾ ਕੋਈ ਰਸਮ ਜ਼ਰੂਰ ਨਿਭਾਈ ਜਾਂਦੀ ਹੈ। ''ਰਸਮਾਂ ਤੇ ਰੀਤਾਂ ਦੀ ਪੂਰਤੀ ਦਾ ਇਹ ਕਾਰਜ-ਕਰਮ ਜਦੋਂ ਜੀਵ ਜੰਮਿਆ ਵੀ ਨਹੀਂ ਹੁੰਦਾ, ਉਦੋਂ ਹੀ ਸ਼ੁਰੂ ਹੋ ਕੇ ਜਿੰਨਾ ਚਿਰ ਜੀਵ ਦੇ ਸਿਵੇ ਉੱਤੇ ਸੁਆਹ ਦੀ ਆਖ਼ਰੀ ਚੁਟਕੀ ਰਹਿੰਦੀ ਹੈ, ਨਹੀਂ! ਨਹੀਂ।। ਸਿਵੇ ਵਾਲੀ ਥਾਂ ਦਾ ਥੱਲਾ ਤੱਕ ਘਰੋੜਿਆ ਨਹੀਂ ਜਾਂਦਾ, ਉਸ ਤੋਂ ਪਿੱਛੋਂ ਤੱਕ ਵੀ ਇਹ ਸੇਵਾ ਚਲਦੀ ਹੈ। ਫੂਕਣ ਵਾਲੀ ਥਾਂ ਦੀਵਾ ਜਗਾ ਜਗਾ ਕੇ ਸਾਵਧਾਨੀ ਨਾਲ ਇਹ ਫ਼ਰਜ਼ ਨਿਭਾਇਆ ਜਾਂਦਾ ਹੈ। ਵਿਅਕਤੀ ਨੇ ਜਿੰਨੀ ਅਸਲ ਉਮਰ ਜੀਵੀ ਹੁੰਦੀ ਹੈ, ਉਸਨੂੰ ਰਸਮਾਂ ਤੇ ਰੀਤਾਂ ਰਾਹੀਂ ਦੂਹਰੀ ਕੈਦ ਵਾਂਗ, ਘੱਟੋ-ਘੱਟ ਡਿਊਢਾ ਜੀਵਨ ਜ਼ਰੂਰ ਬਿਤਾਉਣਾ ਪੈਂਦਾ ਹੈ।''[3] ਪੰਜਾਬੀ ਸਭਿਆਚਾਰ ਵਿਚ ਇਹ ਰਸਮਾਂ ਬਹੁਤ ਮਹੱਤਵ ਰੱਖਦੀਆਂ ਹਨ, ਕਿਹਾ ਜਾਂਦਾ ਹੈ ਕਿ ਪੰਜਾਬੀ ਰਸਮਾਂ ਵਿੱਚ ਹੀ ਜੰਮਦਾ ਤੇ ਰਸਮਾਂ ਵਿੱਚ ਹੀ ਆਪਣੇ ਜੀਵਨ ਦਾ ਆਖ਼ਰੀ ਸਾਹ ਲੈਂਦਾ ਹੈ।

ਮਨੁੱਖੀ ਅਧਿਕਾਰਾਂ ਵਿੱਚ ਔਰਤ ਤੇ ਮਰਦ ਲਈ ਬਰਾਬਰ ਦੇ ਅਧਿਕਾਰ ਹਨ। ਇਨ੍ਹਾਂ ਵਿੱਚ ਕੋਈ ਲਿੰਗ ਭੇਦ ਅਨੁਸਾਰ ਵਾਧਾ ਘਾਟਾ ਨਹੀਂ ਹੈ ਪ੍ਰੰਤੂ ਜਦੋਂ ਅਸੀਂ ਇਨ੍ਹਾਂ ਅਧਿਕਾਰਾਂ ਦੀ ਗੱਲ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਕਰਦੇ ਹਾਂ ਤਾਂ ਮਰਦ ਪੱਖ ਨੂੰ ਇਨ੍ਹਾਂ ਵਿੱਚ ਪਹਿਲਾ ਅਤੇ ਔਰਤ ਪੱਖ ਨੂੰ ਦੂਜੇ ਸਥਾਨ 'ਤੇ ਹੀ ਰੱਖਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਬੁਨਿਆਦੀ ਤੌਰ 'ਤੇ ਖੇਤੀ ਆਧਾਰਿਤ ਸਭਿਆਚਾਰ ਹੋਣ ਕਰਕੇ ਇੱਥੇ ਮਰਦ ਦੀ ਪ੍ਰਧਾਨਤਾ ਰਹੀ ਹੈ। ਪੰਜਾਬੀ ਰਸਮਾਂ ਦੇ ਸੰਦਰਭ ਵਿਚ ਵੀ ਇਹ ਗੱਲ ਸਪਸ਼ਟ ਰੂਪ ਵਿਚ ਦਿਖਾਈ ਦਿੰਦੀ ਹੈ। ਪੰਜਾਬੀ ਸਭਿਆਚਾਰ ਦੀਆਂ ਸਾਰੀਆਂ ਰਸਮਾਂ ਮਰਦ ਪੱਖ ਨਾਲ ਹੀ ਜੁੜੀਆਂ ਹੋਈਆਂ ਹਨ। ਸਾਰੀਆਂ ਰਸਮਾਂ ਵਿਚ ਔਰਤ ਨੂੰ ਅੱਖੋਂ ਪਰੋਖੇ ਹੀ ਕੀਤਾ ਗਿਆ ਦਿਖਾਈ ਦਿੰਦਾ ਹੈ।

ਪੰਜਾਬੀ ਸਭਿਆਚਾਰ ਵਿਚ ਰਸਮਾਂ ਦਾ ਸਿਲਸਿਲਾ ਗਰਭ-ਸੰਸਕਾਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਬੱਚੇ ਦਾ ਜਨਮ ਇੱਕ ਕੁਦਰਤੀ ਵਰਤਾਰਾ ਹੈ ਪ੍ਰੰਤੂ ਕਿਸੇ ਵਿਸ਼ੇਸ਼ ਲਿੰਗ ਪ੍ਰਤੀ ਖਿੱਚ ਸਭਿਆਚਾਰਕ ਹੁੰਗਾਰਾ ਹੈ। ਪੰਜਾਬੀ ਸਭਿਆਚਾਰ ਵਿੱਚ ਜਨਮ ਨਾਲ ਸੰਬੰਧਿਤ ਸਾਰੀਆਂ ਰਸਮਾਂ ਮੁੰਡੇ ਦੇ ਜਨਮ ਨਾਲ ਜਾਂ ਪੁੱਤਰ ਪ੍ਰਾਪਤੀ ਦੇ ਜਸ਼ਨ ਨਾਲ ਜੁੜੀਆਂ ਹੋਈਆਂ ਹਨ। ਪੁੱਤਰ ਪ੍ਰਾਪਤੀ ਨਾਲ ਹੀ ਔਰਤ ਦੀ ਸਹੁਰੇ ਘਰ ਵਿੱਚ ਕਦਰ ਪੈਂਦਾ ਹੈ। ਗਰਭ ਠਹਿਰਨ ਤੋਂ ਬਾਅਦ ਝੋਲ ਭਰਾਈ ਦੀ ਰਸਮ ਵੀ ਪੁੱਤਰ ਦੀ ਪ੍ਰਾਪਤੀ ਨਾਲ ਹੀ ਜੁੜੀ ਹੋਈ ਹੈ। ਔਰਤ ਦੀ ਝੋਲੀ ਵਿੱਚ ਕਿਸੇ ਮੁੰਡੇ ਨੂੰ ਬਿਠਾਇਆ ਜਾਂਦਾ ਹੈ ਜਾਂ ਮਰਦਾਵੇਂ ਫਲ ਜਿਵੇਂ ਪਤਾਸੇ, ਸੇਬ, ਕੇਲਾ ਆਦਿ ਹੀ ਪਾਏ ਜਾਂਦੇ ਹਨ ਤਾਂ ਜੋ ਔਰਤ ਪੁੱਤਰ ਨੂੰ ਹੀ ਜਨਮ ਦੇਵੇ ਭਾਵੇਂ ਕਿ ਇਸ ਰਸਮ ਦਾ ਮੁੱਢਲਾ ਸੰਬੰਧ ਜਾਦੂ-ਚਿੰਤਨ ਨਾਲ ਹੀ ਜੁੜਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਔਰਤਾਂ ਵੱਲੋਂ ਗਰਭਵਤੀ ਔਰਤ ਨੂੰ ਦਿੱਤੀਆਂ ਜਾਂਦੀਆਂ ਅਸੀਸਾਂ ਵਿੱਚ ਵੀ ਮਰਦ ਪੱਖ ਨੂੰ ਹੀ ਪਹਿਲਤਾ ਹੈ ਜਿਵੇਂ 'ਦੁੱਧੀਂ ਪੁੱਤੀ ਫਲ੍ਹੇਂ', 'ਸੱਤੀ ਪੁੱਤੀ ਹੋਵੇ' ਆਦਿ। ਪੰਜਾਬੀ ਸਭਿਆਚਾਰ ਵਿੱਚ ਪਹਿਲਾ ਬੱਚਾ ਆਮ ਤੌਰ 'ਤੇ ਔਰਤ ਦੇ ਪੇਕੇ ਘਰ ਹੀ

ਹੁੰਦਾ ਹੈ। ਗਰਭਵਤੀ ਨੂੰ ਸਹੁਰਿਆਂ ਤੋਂ ਵਿਦਾ ਕਰਨ ਸਮੇਂ ਉਸਦੀ ਝੋਲੀ ਵਿੱਚ ਖੋਪੇ ਦਾ ਗੁੱਟ, ਪਤਾਸੇ, ਲੱਡੂ ਅਤੇ ਗੁੜ ਦੀ ਰੋੜੀ ਆਦਿ ਪਾਏ ਜਾਂਦੇ ਹਨ ਜੋ ਮਰਦ ਪੱਖ ਦੀ ਖਿੱਚ ਦੀ ਹਾਮੀ ਭਰਦੇ ਹਨ।

ਪੰਜਾਬੀ ਸਭਿਆਚਾਰ ਵਿੱਚ ਬਹੁਤੇ ਚਾਓ-ਮਲ੍ਹਾਰ ਮੁੰਡੇ ਦੇ ਜਨਮ ਨਾਲ ਹੀ ਜੁੜੇ ਹੋਏ ਹਨ। ਕੁੜੀ ਦੇ ਜਨਮ ਦੀ ਖ਼ਬਰ ਸੁਣਦਿਆਂ ਹੀ ਘਰ ਵਿੱਚ ਸੋਗ ਦਾ ਵਾਤਾਵਰਨ ਛਾ ਜਾਂਦਾ ਹੈ ਅਤੇ ਕਈ ਵਾਰ ਤਾਂ ਕੁੜੀ ਨੂੰ ਗਲਾ ਘੁੱਟ ਕੇ, ਪਾਣੀ ਵਿੱਚ ਡਬੋ ਕੇ ਜਾਂ ਅਫ਼ੀਮ ਚਟਾ ਕੇ ਮਾਰ ਵੀ ਦਿੱਤਾ ਜਾਂਦਾ ਸੀ ਜਾਂ ਕੁੜੀ ਦੀ ਕੁਦਰਤੀ ਮੌਤ ਵੀ ਹੋ ਜਾਂਦੀ ਤਾਂ ਮੌਤ ਦਾ ਅਫ਼ਸੋਸ ਨਹੀਂ ਸਗੋਂ ਖ਼ੁਸ਼ੀ ਮਨਾਈ ਜਾਂਦੀ ਸੀ। ਪੰਜਾਬੀ ਸਭਿਆਚਾਰ ਵਿੱਚ ਜਨਮ ਤੋਂ ਬਾਅਦ ਬੱਚੇ ਨੂੰ ਗੁੜਤੀ ਦੇਣ ਦੀ ਰਸਮ ਕੀਤੀ ਜਾਂਦੀ ਹੈ ਜੋ ਮੁੰਡੇ ਦੇ ਜਨਮ ਸਮੇਂ ਹੀ ਜ਼ਿਆਦਾ ਖ਼ੁਸ਼ੀ ਨਾਲ ਨਿਭਾਈ ਜਾਂਦੀ ਹੈ ਜਦੋਂ ਕਿ ਕੁੜੀ ਦੇ ਜਨਮ ਸਮੇਂ ਇਸ ਰਸਮ ਨੂੰ ਅਣਮੰਨੇ ਮਨ ਨਾਲ ਜਾਂ ਕਈ ਵਾਰ ਨਿਭਾਇਆ ਹੀ ਨਹੀਂ ਜਾਂਦਾ। ਮੁੰਡੇ ਦੇ ਜਨਮ ਸਮੇਂ ਹੀ ਦਰਵਾਜ਼ੇ ਅੱਗੇ ਸ਼ਰੀਂਹ ਬੰਨਿਆ ਜਾਂਦਾ ਹੈ ਅਤੇ ਮੁੰਡੇ ਦੇ ਜਨਮ ਦੀ ਖ਼ਬਰ ਸੁਣਦੇ ਹੀ ਭਾਈਚਾਰੇ ਦੇ ਲੋਕ ਅਤੇ ਲਾਗੀ ਆਦਿ ਵਧਾਈਆਂ ਦੇਣ ਆਉਂਦੇ ਨ ਅਤੇ ਪਰਿਵਾਰ ਵੱਲੋਂ ਖ਼ੁਸ਼ੀ ਵਿੱਚ ਲੱਡੂ, ਪਤਾਸੇ ਅਤੇ ਗੁੜ ਆਦਿ ਵੰਡੇ ਜਾਂਦੇ ਹਨ।

ਮੁੰਡੇ ਦੇ ਜਨਮ ਵੇਲੇ ਖੁਸਰੇ ਨਚਾਉਣ ਅਤੇ ਮੁੰਡੇ ਦੀ ਛਟੀ ਵੀ ਆਮ ਪ੍ਰਚਲਿਤ ਰਸਮਾਂ ਹਨ ਜੋ ਮੁੰਡੇ ਦੇ ਜਨਮ ਨਾਲ ਹੀ ਸੰਬੰਧਿਤ ਹਨ। ਕੁੜੀ ਦੇ ਜਨਮ ਨਾਲ ਇਹਨਾਂ ਰਸਮਾਂ ਦਾ ਕੋਈ ਵਾਹ-ਵਾਸਤਾ ਨਹੀਂ ਹੈ। ''ਛਟੀ ਵਾਲੇ ਦਿਨ ਸਾਰੇ ਸਾਕਾਂ ਨਾਤਿਆਂ ਨੂੰ ਸੱਦ ਬੁਲਾ ਕੇ ਕੁੱਲ ਵਧਣ ਦੀਆਂ ਖ਼ੁਸ਼ੀਆਂ ਮਾਣੀਆਂ ਤੇ ਵਧਾਈਆਂ ਮਨਾਈਆਂ ਜਾਂਦੀਆ ਹਨ।''[4] ਛੂਛਕ ਦੀ ਰਸਮ ਅਤੇ ਲੋਹੜੀ ਵੰਡਣ ਦੀਆਂ ਰਸਮਾਂ ਵੀ ਮੁੰਡੇ ਦੇ ਜਨਮ ਸਮੇਂ ਹੀ ਖ਼ੁਸ਼ੀਆਂ ਨਾਲ ਸਾਕਾਰ ਹੁੰਦੀਆਂ ਹਨ। ਇਸ ਤਰ੍ਹਾਂ ਜਨਮ ਭਾਵੇਂ ਕੁਦਰਤੀ ਵਰਤਾਰਾ ਹੈ ਅਤੇ ਮਨੁੱਖੀ ਅਧਿਕਾਰਾਂ ਵਿੱਚ ਇਸ ਸੰਬੰਧੀ ਕੋਈ ਭੇਦਭਾਵ ਨਹੀਂ ਹੈ ਪਰ ਸਭਿਆਚਾਰ ਵਿੱਚ ਮੁੰਡੇ ਦੇ ਜਨਮ ਦੀਆਂ ਰਸਮਾਂ ਵਿੱਚ ਕੁੜੀ ਦੇ ਜਨਮ ਦੀਆਂ ਰਸਮਾਂ ਨੂੰ ਨਾ-ਮਾਤਰ ਹੀ ਸਥਾਨ ਮਿਲਿਆ ਹੈ।

ਵਿਆਹ ਮਨੁੱਖੀ ਜੀਵਨ ਦਾ ਦੂਜਾ ਵੱਡਾ ਪੜ੍ਹਾਅ ਹੈ ਜਿੱਥੇ ਅਣਗਿਣਤ ਰਸਮਾਂ ਨਿਭਾਈਆਂ ਜਾਂਦੀਆਂ ਹਨ। ''ਵਿਆਹ ਜੀਵਨ ਦੀ ਇੱਕ ਮਿੱਠੀ ਤੇ ਸੁਹਾਵਣੀ ਘਟਨਾ ਹੈ ਜੋ ਉੱਠਦੀ ਜਵਾਨੀ ਵਿੱਚ ਲਏ ਕਈ ਸੁਫ਼ਨੇ ਸਾਕਾਰ ਕਰਦੀ ਹੈ। ਪੰਜਾਬੀ ਵਿਆਹ ਦੇ ਸਮਾਗਮ ਨੂੰ ਬੜੀ ਸਜ-ਧੱਜ ਤੇ ਰੀਝ ਨਾਲ ਮਨਾਉਂਦੇ ਹਨ... ਸਭ ਤੋਂ ਵੱਧ ਰਸਮਾਂ ਵਿਆਹ ਵੇਲੇ ਹੀ ਕੀਤੀਆਂ ਜਾਂਦੀਆਂ ਹਨ।''[5] ਪੰਜਾਬੀ ਸਭਿਆਚਾਰ ਵਿੱਚ ਔਰਤ ਦੇ ਅਧਿਕਾਰਾਂ ਦੀ ਸਥਿਤੀ ਜੇ ਵਿਆਹ ਦੀਆਂ ਰਸਮਾਂ ਦੇ ਸੰਦਰਭ ਵਿੱਚ ਦੇਖੀਏ ਤਾਂ ਵਿਆਹ ਸਮੇਂ ਦੀਆਂ ਭਾਰੂ ਰਸਮਾਂ ਪੁਰਸ਼ ਪੱਖ ਵੱਲ ਹੀ ਝੁਕੀਆਂ ਦਿਖਾਈ ਦਿੰਦੀਆਂ ਹਨ।ਆਮ ਤੌਰ 'ਤੇ ਵਰ ਦੀ ਚੋਣ ਵਿੱਚ ਕੁੜੀ ਦੀ ਮਰਜ਼ੀ ਨਹੀਂ ਪੁੱਛੀ ਜਾਂਦੀ। ਔਰਤ ਕੋਲ ਪਤੀ ਦੀ ਚੋਣ ਦਾ ਅਧਿਕਾਰ ਨਹੀਂ ਹੈ ਜਦੋਂ ਕਿ ਮਰਦ ਕੋਲ ਚੁਣਨ ਦਾ ਅਧਿਕਾਰ ਹੈ। ਕੁੜੀ ਚੁਣੇ ਜਾਣ ਦੀ ਵਸਤੂ-ਮਾਤਰ ਹੈ ਜਿਸ ਨੇ ਚੁਣੇ ਜਾਣ ਦੇ ਯੋਗ ਬਣਨਾ ਹੈ। ਉਸ ਕੋਲ ਇਹ ਅਧਿਕਾਰ ਨਹੀਂ ਕਿ ਉਹ ਆਪਣੇ ਮਾਪਿਆਂ ਦੀ ਪਸੰਦ ਨੂੰ ਨਾ-ਮਨਜ਼ੂਰ ਕਰ ਦੇਵੇ।

ਵਿਆਹ ਵਾਲੇ ਦਿਨ ਜੰਡੀ ਕੱਟਣਾ ਅਤੇ ਘੋੜੀ ਚੜਨ ਦੀਆਂ ਰਸਮਾਂ ਮਰਦ ਦੀ ਸ਼ਕਤੀ ਦੇ ਪ੍ਰਗਟਾਵੇ ਦੇ ਰੂਪ ਵਿੱਚ ਆਪਣੀ ਹੋਂਦ ਰੱਖਦੀਆਂ ਹਨ। ''ਘੋੜੀ ਅਸਲ ਵਿੱਚ 'ਔਰਤ' ਦਾ ਪ੍ਰਤੀਕ ਹੈ। ਮਰਦ ਦਾ ਘੋੜੀ 'ਤੇ ਸਵਾਰ ਹੋਣਾ ਇਸਤਰੀ ਉੱਤੇ ਹਾਵੀ ਹੋਣ ਦਾ ਪ੍ਰਤੀਕ ਆਤਮਿਕ ਪ੍ਰਗਟਾਵਾ ਹੈ।''[6] ਮਰਦ ਦਾ ਇਹ ਅਧਿਕਾਰ ਸਮਝਿਆ ਜਾਂਦਾ ਹੈ ਕਿ ਵਿਆਹੁਤਾ ਔਰਤ ਹੁਣ ਉਸਦੀ ਨਿੱਜੀ ਸੰਪੱਤੀ ਹੈ। ਵਿਆਹ ਸਮੇਂ ਲਾੜੇ ਨਾਲ ਉਸਦਾ ਅੰਗ ਰੱਖਿਅਕ ਸਰਬਾਲਾ ਹੁੰਦਾ ਹੈ ਜੋ ਕਿ ਕਿਸੇ ਸੰਕਟਕਾਲੀਨ ਸਥਿਤੀ ਵਿੱਚ ਲਾੜੇ ਦੀ ਥਾਂ ਲੈ ਸਕਦਾ ਹੈ। ਇਹ ਅਧਿਕਾਰ ਵੀ ਸਿਰਫ਼ ਮਰਦ ਕੋਲ ਹੀ ਹੈ ਔਰਤ ਕੋਲ ਅਜਿਹੇ ਹਾਲਾਤਾਂ ਵਿੱਚ ਵਿਆਹ ਤੋਂ ਜਵਾਬ ਦੇਣ ਦਾ ਜਾਂ ਇਨਕਾਰ ਕਰਨ ਦਾ ਕੋਈ ਅਧਿਕਾਰ ਨਹੀਂ।

ਸਿਹਰਾ ਬੰਨਣਾ, ਸੁਰਮਾ ਪਵਾਈ ਜਾਂ ਗਾਨਾ ਬੰਨਣ ਦੀਆਂ ਰਸਮਾਂ ਸਿਰਫ਼ ਮੁੰਡੇ ਦੇ ਵਿਆਹ ਨਾਲ ਹੀ ਸੰਬੰਧਿਤ ਹਨ। ਪੰਜਾਬੀ ਸਭਿਆਚਾਰ ਵਿੱਚ 'ਧੀਆਂ ਵਾਲੇ ਸਦਾ ਨੀਵੇਂ ਹੀ ਹੁੰਦੇ ਹਨ', ਕਹਾਵਤਾਂ ਆਮ ਪ੍ਰਚੱਲਿਤ ਹਨ। ਵਿਆਹ ਵਿੱਚ ਮੁੰਡੇ ਵਾਲੀ ਧਿਰ ਦੇ ਖਾਣਾ ਖਾਣ ਤੋਂ ਪਹਿਲਾਂ ਕੁੜੀ ਵਾਲੀ ਧਿਰ ਨੂੰ ਖਾਣਾ ਖਾਣ ਦਾ ਅਧਿਕਾਰ ਨਹੀਂ ਹੈ। ਹਰੇਕ ਕੰਮ ਵਿੱਚ ਪਹਿਲ ਮੁੰਡੇ ਵਾਲੀ ਧਿਰ ਨੂੰ ਦਿੱਤੀ ਜਾਂਦੀ ਹੈ। ਵਿਆਹ ਦੀਆਂ ਬਹੁਤ ਸਾਰੀਆਂ ਰਸਮਾਂ ਵਿੱਚ ਸਪਸ਼ਟ ਹੁੰਦਾ ਹੈ ਕਿ ਔਰਤ ਪੱਖ ਹਰ ਪਾਸਿਓਂ ਦਬਿਆ ਅਤੇ ਘੁੱਟਿਆ ਹੋਇਆ ਹੈ। ਪੰਜਾਬੀ ਸਭਿਆਚਾਰਕ ਰਸਮਾਂ ਵਿੱਚ ਔਰਤ ਕੋਲ ਕੋਈ ਅਧਿਕਾਰ ਨਹੀਂ ਕਿ ਪਿਤਾ, ਭਰਾ ਜਾਂ ਪਤੀ ਦੀ ਮਰਜ਼ੀ ਵਿਰੁੱਧ ਕੋਈ ਫ਼ੈਸਲਾ ਲੈ ਸਕੇ।

ਪੰਜਾਬੀ ਸਭਿਆਚਾਰ ਵਿੱਚ ਮੌਤ ਨਾਲ ਸੰਬੰਧਿਤ ਰਸਮਾਂ ਨਿਪਟਾਉਣ ਸਮੇਂ ਵੀ ਮਰਦਾਵਾਂ ਸਭਿਆਚਾਰ ਹੀ ਭਾਰੂ ਦਿਖਾਈ ਦਿੰਦਾ ਹੈ। ਮੌਤ ਸਮੇਂ ਦੀਆਂ ਰਸਮਾਂ ਵਿੱਚ ਵੀ ਔਰਤ ਨੂੰ ਕਿਸੇ ਕਿਸਮ ਦੀ ਪਹਿਲ ਨਹੀਂ ਦਿੱਤੀ ਜਾਂਦੀ। ਜਦੋਂ ਬਜ਼ੁਰਗ ਪ੍ਰਾਣ ਤਿਆਗਦਾ ਹੈ ਤਾਂ ਗੋਡਾ ਨਿਵਾਉਣਾ ਅਤੇ ਮਰਨ ਵਾਲੇ ਦੇ ਮੂੰਹ ਵਿੱਚ ਗੰਗਾ ਜਲ ਪਾਉਣ ਦੀ ਰਸਮ ਪੁੱਤਰ ਵੱਲੋਂ ਹੀ ਅਦਾ ਕੀਤੀ ਜਾਂਦੀ ਹੈ। ਮ੍ਰਿਤਕ ਦੇਹ ਨੂੰ ਸ਼ਮਸ਼ਾਨ ਘਾਟ ਤੱਕ ਲੈ ਜਾਣ ਭਾਵ ਕਾਨੀ ਲੱਗਣਾ ਜਾਂ ਅਰਥੀ ਨੂੰ ਮੋਢਾ ਦੇਣ ਦਾ ਕੰਮ ਮਰਦ ਪੱਖ ਵੱਲੋਂ ਹੀ ਸਾਕਾਰ ਕੀਤਾ ਜਾਂਦਾ ਹੈ। ਔਰਤਾਂ ਵੱਲੋਂ ਅਰਥੀ ਨੂੰ ਮੋਢਾ ਦੇਣਾ ਜਿੱਥੇ ਵਰਜਿਤ ਹੈ, ਉੱਥੇ ਔਰਤਾਂ ਨੂੰ ਮੜੀਆਂ ਵਿੱਚ ਜਾਣ ਦੀ ਵੀ ਮਨਾਹੀ ਹੈ। ਚਿਖਾ ਨੂੰ ਅੱਗ ਦਰਸਾਉਣ ਦੀ ਰਸਮ ਵੀ ਮਰਦ ਪੱਖ ਵੱਲੋਂ ਭਾਵ ਮ੍ਰਿਤਕ ਦਾ ਵੱਡਾ ਮੁੰਡਾ ਹੀ ਕਰਦਾ ਹੈ। ਚਿਖਾ ਨੂੰ ਅੱਗ ਦੇਣ ਦੀ ਰਸਮ ਔਰਤਾਂ ਤੋਂ ਕਦੇ ਵੀ ਨਹੀਂ ਕਰਾਈ ਜਾਂਦੀ। ਕਪਾਲ ਕਿਰਿਆ ਅਤੇ ਫੁੱਲ ਚੁੱਗਣ ਦੀ ਰਸਮ ਮਰਦਾਂ ਵੱਲੋਂ ਹੀ ਨਿਭਾਈ ਜਾਂਦੀ ਹੈ। ਪੰਜਾਬੀ ਸਭਿਆਚਾਰ ਵਿੱਚ ਬਜ਼ੁਰਗ ਆਦਮੀ ਦਾ ਹੀ ਹੰਗਾਮਾ ਕੀਤਾ ਜਾਂਦਾ ਹੈ ਕਿ ਜਦੋਂ ਕਿ ਬਜ਼ੁਰਗ ਔਰਤਾਂ ਦਾ ਹੰਗਾਮਾ ਨਾ-ਮਾਤਰ ਹੀ ਦਿਖਾਈ ਦਿੰਦਾ ਹੈ। ਪੰਜਾਬੀ ਸਭਿਆਚਾਰ ਵਿੱਚ ਮੌਤ ਨਾਲ ਸੰਬੰਧਿਤ ਜ਼ਿਆਦਾਤਰ ਰਸਮਾਂ ਮਰਦ ਪੱਖ ਵੱਲੋਂ ਹੀ ਸੰਪੂਰਨ ਕੀਤੀਆਂ ਜਾਂਦੀਆਂ ਹਨ। ਔਰਤਾਂ ਨੂੰ ਇਨ੍ਹਾਂ ਰਸਮਾਂ ਨੂੰ ਨਿਭਾਉਣ ਦਾ

ਅਧਿਕਾਰ ਬਹੁਤ ਘੱਟ ਦਿਖਾਈ ਦਿੰਦਾ ਹੈ ਇੱਥੋਂ ਤੱਕ ਕਿ ਵਿਧਵਾ ਹੋ ਚੁੱਕੀ ਔਰਤ ਨੂੰ ਤਾਂ ਇਹ ਵੀ ਅਧਿਕਾਰ ਨਹੀਂ ਕਿ ਵਿਧਵਾ ਹੋਣ ਪਿੱਛੋਂ ਉਹ ਚੰਗੇ ਕੱਪੜੇ ਪਾ ਕੇ ਜਾਂ ਹੋਰ ਹਾਰ ਸ਼ਿੰਗਾਰ ਲਗਾ ਕੇ ਸਮਾਜ ਵਿਚ ਵਿਚਰ ਸਕੇ।

ਮਨੁੱਖੀ ਅਧਿਕਾਰ ਜਿੱਥੇ ਮਨੁੱਖ ਦੇ ਬਹੁਪੱਖੀ ਵਿਕਾਸ ਨਾਲ ਸੰਬੰਧਿਤ ਹਨ, ਉੱਥੇ ਪੰਜਾਬੀ ਸਭਿਆਚਾਰ ਦੀਆਂ ਰਸਮਾਂ ਵਿੱਚ ਔਰਤ ਦੇ ਅਧਿਕਾਰਾਂ ਉੱਤੇ ਮਰਦ ਪੱਖ ਹੀ ਭਾਰੂ ਹੈ। ਜਨਮ, ਵਿਆਹ ਅਤੇ ਮੌਤ ਦੀਆਂ ਜ਼ਿਆਦਾਤਰ ਰਸਮਾਂ ਵਿੱਚ ਪਹਿਲ ਮਰਦ ਪੱਖ ਨੂੰ ਹੀ ਮਿਲੀ ਹੋਈ ਹੈ ਪਰ ਪੰਜਾਬੀ ਸਭਿਆਚਾਰ ਰੂਪਾਂਤਰਨ ਦੀ ਪ੍ਰਕਿਰਿਆ ਵਿੱਚੋਂ ਗੁਜ਼ਰ ਰਿਹਾ ਹੈ। ਆਧੁਨਿਕ ਯੁੱਗ ਵਿੱਚ ਸਭਿਆਚਾਰਕ ਰਸਮਾਂ ਕਾਫ਼ੀ ਹੱਦ ਤੱਕ ਬਦਲ ਰਹੀਆਂ ਹਨ। ਔਰਤ ਪੱਖ ਮਰਦ ਪੱਖ ਦੀ ਬਰਾਬਰੀ ਵੱਲ ਵੱਧ ਰਿਹਾ ਹੈ। ਹੁਣ ਪੜ੍ਹੀ-ਲਿਖੀ ਸ਼੍ਰੇਣੀ ਦੇ ਲੋਕਾਂ ਦਾ ਕੁੜੀ ਦੇ ਜਨਮ ਸੰਬੰਧੀ ਦ੍ਰਿਸ਼ਟੀਕੋਣ ਬਦਲ ਰਿਹਾ ਹੈ। ਹੁਣ ਕੁੱਝ ਕੁ ਲੋਕਾਂ ਵੱਲੋਂ ਕੁੜੀਆਂ ਦੀਆਂ ਲੋਹੜੀਆਂ ਮਨਾਈਆਂ ਜਾਣ ਲੱਗ ਪਈਆਂ ਹਨ। ਵਿਆਹ ਸਮੇਂ ਕੁੱਝ ਪੜ੍ਹੀਆਂ-ਲਿਖੀਆਂ ਕੁੜੀਆਂ ਆਪਣੀ ਮਰਜ਼ੀ ਦਾ ਵਰ ਚੁਣ ਸਕਣ ਦਾ ਅਧਿਕਾਰ ਮੰਗਣ ਲੱਗ ਪਈਆਂ ਹਨ। ਬਦਲ ਰਹੀਆਂ ਪ੍ਰਸਥਿਤੀਆਂ ਕਾਰਨ ਔਰਤਾਂ ਹੁਣ ਅਰਥੀ ਨੂੰ ਮੋਢਾ ਦੇਣ ਅਤੇ ਚਿਖਾ ਨੂੰ ਅੱਗ ਦੇਣ ਦੀਆਂ ਰਸਮਾਂ ਵਿੱਚ ਆਪਣਾ ਅਧਿਕਾਰ ਲੈਣ ਲਈ ਅੱਗੇ ਆ ਰਹੀਆਂ ਹਨ। ਵਿਧਵਾ ਔਰਤ ਨੂੰ ਦੁਬਾਰਾ ਵਿਆਹ ਕਰਵਾ ਕੇ ਆਮ ਔਰਤਾਂ ਵਾਂਗ ਜ਼ਿੰਦਗੀ ਜਿਉਣ ਦਾ ਅਧਿਕਾਰ ਕਾਫ਼ੀ ਹੱਦ ਤੱਕ ਮਿਲ ਚੁੱਕਿਆ ਹੈ। ਇਸ ਤਰ੍ਹਾਂ ਦਾ ਬਦਲਾਵ ਭਾਵੇਂ ਆਟੇ ਵਿੱਚ ਲੂਣ ਬਰਾਬਰ ਹੀ ਹੈ ਪਰ ਪੜ੍ਹਾਈ ਲਿਖਾਈ ਨੇ ਔਰਤ ਨੂੰ ਸਵੈ-ਹੋਂਦ ਪ੍ਰਤੀ ਚੇਤੰਨ ਵੀ ਕੀਤਾ ਹੈ। ਅੱਜ ਵੀ ਪੰਜਾਬ ਦਾ ਭਾਰੂ ਸਭਿਆਚਾਰ ਮਰਦ ਪ੍ਰਧਾਨ ਹੀ ਹੈ। ਇਹ ਸਾਰੀਆਂ ਸਭਿਆਚਾਰਕ ਰਸਮਾਂ ਮਰਦ ਪੱਖ ਨਾਲ ਹੀ ਜੁੜੀਆਂ ਹੋਈਆਂ ਹਨ। ਪੰਜਾਬੀ ਸਭਿਆਚਾਰ ਵਿੱਚ ਰਸਮਾਂ ਦੇ ਸੰਦਰਭ ਵਿੱਚ ਔਰਤ ਦੇ ਅਧਿਕਾਰਾਂ ਦੀ ਸਥਿਤੀ ਤਰਸਯੋਗ ਹੈ। ਸਾਰੀਆਂ ਰਸਮਾਂ ਮਰਦ ਪੱਖ ਦੀ ਖੁਸ਼ੀ, ਸਨਮਾਨ ਤੇ ਗੌਰਵ ਨਾਲ ਜੁੜੀਆਂ ਹੋਈਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਪ੍ਰਿੰ. ਤੇਜਾ ਸਿੰਘ, ਸਾਹਿਤ ਦਰਸ਼ਨ, ਐਜੂਕੇਸ਼ਨ ਪਬਲਿਸ਼ਰਜ਼, ਅੰਮ੍ਰਿਤਸਰ, 1957, ਪੰਨਾ-30
2. ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004, ਪੰਨਾ-339
3. ਗਿਆਨੀ ਗੁਰਦਿਤ ਸਿੰਘ, ਮੇਰਾ ਪਿੰਡਾ, ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, 1961, ਪੰਨਾ-254
4. ਉਹੀ, ਪੰਨਾ-263
5. ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਇੰਡੀਆ, 1991, ਪੰਨਾ-87
6. ਡਾ. ਜੀਤ ਸਿੰਘ ਜੋਸ਼ੀ, ਅਧਿਐਨ ਤੇ ਅਧਿਆਪਨ, ਵਾਰਿਸ਼ ਸ਼ਾਹ ਫਾਉਂਡੇਸ਼ਨ,ਅੰਮ੍ਰਿਤਸਰ, 2004, ਪੰਨੇ 258-59